# ਪੰਜਾਬੀ ਵਿਕਾਸ ਮੰਚ (ਕਾਨੂੰਨੀ)

(ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਸ਼ਾਖਾ)

O/C

ਹਵਾਲਾ ਨੰ: ਪ. ਵਿ. ਮ/21-25    ਮਿਤੀ : 01. 06. 2023


**ਕਾਨੂੰਨੀ ਸਲਾਹਕਾਰ / ਵਕੀਲ**

**ਸ੍ਰੀ ਹਰੀ ਚੰਦ ਅਰੋੜਾ**
ਪੰਜਾਬ ਅਤੇ ਹਰਿਆਣਾ ਹਾਈਕੋਰਟ,
ਚੰਡੀਗੜ੍ਹ
ਮੋ.: 98140-13764

**ਸ੍ਰੀ ਹਰੀਸ਼ ਰਾਏ ਢਾਂਡਾ**
ਲੁਧਿਆਣਾ
ਮੋ.: 98141-20300

**ਸ੍ਰੀ ਮਿੱਤਰ ਸੈਨ ਮੀਤ**
ਲੁਧਿਆਣਾ
ਮੋ.: 98556-31777

**ਸੰਚਾਲਕ**

**ਸ੍ਰ ਦਵਿੰਦਰ ਸਿੰਘ ਸੇਖਾ**
ਮੋ.: 98140-70581

**ਪ੍ਰੋ ਇੰਦਰਪਾਲ ਸਿੰਘ**
ਮੋ.: 82838-11912

**ਸ੍ਰ ਸੁਖਇੰਦਰ ਪਾਲ ਸਿੰਘ**
ਮੋ.: +1 (780) 884 0788

**ਸ੍ਰ ਆਰ. ਪੀ. ਸਿੰਘ**
ਮੋ.: 97790 48083


ਸੇਵਾ ਵਿਖੇ

ਪ੍ਰਮੁੱਖ ਸਕੱਤਰ
ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ,
ਪੰਜਾਬ ਸਰਕਾਰ, ਚੰਡੀਗੜ੍ਹ।

**ਵਿਸ਼ਾ- ਪੰਜਾਬ ਸਰਕਾਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਦੇ ਵਿਭਾਗੀ ਵਿਕਾਸ ਲਈ ਗਠਿਤ ਕੀਤੇ ਜਾਣ ਵਾਲੇ ਨਵੇਂ 'ਰਾਜ ਸਲਾਹਕਾਰ ਬੋਰਡ' ਨੂੰ ਪੰਜਾਬ ਸਰਕਾਰ ਵੱਲੋਂ ਇਸ ਕਾਰਜ ਲਈ ਸਾਲ 2002 ਵਿਚ ਬਣਾਏ ਨਿਯਮਾਂ ਅਨੁਸਾਰ ਗਠਿਤ ਕਰਨ ਦੀ ਬੇਨਤੀ।**

ਸਤਿਕਾਰਯੋਗ ਮੈਡਮ ਜੀ,

ਪੰਜਾਬੀ ਵਿਕਾਸ ਮੰਚ (ਕਾਨੂੰਨੀ) ਪੰਜਾਬੀ ਭਾਸ਼ਾ ਨੂੰ ਦਰਪੇਸ਼ ਸਮੱਸਿਆਵਾਂ ਨੂੰ ਕਾਨੂੰਨ ਦੀਆਂ ਵਿਵਸਥਾਵਾਂ ਰਾਹੀਂ ਸੁਲਝਾਉਣ ਲਈ ਸਥਾਪਤ ਕੀਤੀ ਗਈ ਪੰਜਾਬੀ ਭਾਸ਼ਾ ਪਸਾਰ ਭਾਈਚਾਰਾ ਦੀ ਇਕ ਸ਼ਾਖਾ ਹੈ।

ਨਿਮਰਤਾ ਸਹਿਤ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੇ ਵਿਕਾਸ ਲਈ, ਪੰਜਾਬ ਸਰਕਾਰ ਵਲੋਂ ਇਕ ਰਾਜ ਸਲਾਹਕਾਰ ਬੋਰਡ ਦਾ ਗਠਨ ਕੀਤਾ ਜਾਂਦਾ ਹੈ। **ਇਸ ਬੋਰਡ ਦੇ ਉਦੇਸ਼ ਅਤੇ ਗਠਨ ਦੀ ਪ੍ਰਕਿਰਿਆ ਆਦਿ ਨਿਰਧਾਰਿਤ ਕਰਨ ਲਈ, ਪੰਜਾਬ ਸਰਕਾਰ ਵਲੋਂ ਸਾਲ 2002 ਵਿਚ ਤਰਕਸੰਗਤ ਨਿਯਮ ਬਣਾਏ ਗਏ ਸਨ।** ਇਨਾਂ ਨਿਯਮਾਂ ਦੀ ਉਲੰਘਣਾ ਕਰਕੇ ਵੱਖ ਵੱਖ ਸਮੇਂ ਤੇ ਗਠਿਤ ਹੋਏ ਬੋਰਡਾਂ ਦੀ ਸਥਿਤੀ ਆਪ ਜੀ ਦੇ ਧਿਆਨ ਵਿਚ ਲਿਆਂਦੀ ਜਾ ਰਹੀ ਹੈ।

1. ਸਾਲ 2002 ਵਿਚ ਪੰਜਾਬ ਸਰਕਾਰ ਵੱਲੋਂ 'ਰਾਜ ਸਲਾਹਕਾਰ ਬੋਰਡ' ਦੀ ਸਥਾਪਨਾ ਕਰਨ ਲਈ ਨਿਯਮ ਬਣਾਏ ਗਏ ਸਨ। ਇਨ੍ਹਾਂ ਨਿਯਮਾਂ ਬਾਰੇ ਅਧਿਸੂਚਨਾ ਨੰ. 6/199/92-1 ਸਿ. ਮੈ ਲ/26245, ਮਿਤੀ 15 ਨਵੰਬਰ 2002 ਦੀ ਜਾਰੀ ਕੀਤੀ ਗਈ ਸੀ **(ਨਿਯਮ ਨਥੀ ਹਨ)**।

2. ਆਪ ਜੀ ਦੇ ਵਿਸ਼ੇਸ਼ ਤੌਰ ਤੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਇਨ੍ਹਾਂ ਨਿਯਮਾਂ ਦਾ ਮੁਖ ਉਦੇਸ਼ ਰਾਜ ਸਲਾਹਕਾਰ ਬੋਰਡ ਦੀ ਸਥਾਪਨਾ **ਨੂੰ ਰਾਜ ਸਭਾ ਵਾਂਗ ਸਥਾਈ ਬਣਾਉਣਾ ਸੀ**।ਇਹ ਵਿਵਸਥਾ ਨਿਯਮ 3 ਵਿਚ ਸਪਸ਼ਟ ਰੂਪ ਵਿਚ ਦਰਜ ਕੀਤੀ ਗਈ ਹੈ। ਇਸੇ ਨਿਯਮ ਦੇ ਉਪ **ਨਿਯਮ (ਸ) ਵਿਚ ਸਪਸ਼ਟ ਕੀਤਾ ਗਿਆ ਹੈ 'ਕਿ ਬੋਰਡ ਦਾ ਕੋਈ ਵੀ ਮੈਂਬਰ ਲਗਾਤਾਰ ਵੱਧ ਤੋਂ ਵੱਧ ਛੇ ਸਾਲਾਂ ਲਈ ਮੈਂਬਰ ਰਹਿ ਸਕਦਾ ਹੈ' ਅਤੇ 3 ਸਾਲ ਦੇ ਵਕਫੇ ਬਾਅਦ ਹੀ ਦੁਬਾਰਾ ਮੈਂਬਰ ਬਣ ਸਕਦਾ ਹੈ।**

3. ਰਾਜ ਸਲਾਹਕਾਰ ਬੋਰਡ ਦੇ ਉਦੇਸ਼ ਅਤੇ ਮੰਤਵ, ਨਿਯਮ ਨੰ. 1 ਵਿਚ ਦਰਜ ਕੀਤੇ ਗਏ ਹਨ।ਆਪ ਜੀ ਦੇ ਵਿਸ਼ੇਸ਼ ਤੌਰ ਤੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਇਸ ਨਿਯਮ **ਦੇ ਉਪ ਨਿਯਮ (ੲ) ਅਨੁਸਾਰ ਬੋਰਡ ਵੱਲੋਂ ' ਭਾਸ਼ਾ ਵਿਭਾਗ ਵੱਲੋਂ ਪੰਜਾਬੀ ਸਾਹਿਤ ਸ਼੍ਰੋਮਣੀ ਅਤੇ ਹੋਰ 12 ਸ਼੍ਰੋਮਣੀ ਇਨਾਮਾਂ ਵਾਸਤੇ ਯੋਗ ਵਿਅਕਤੀਆਂ ਦੇ ਨਾਵਾਂ ਦੀਆਂ ਸਿਫਾਰਸ਼ਾਂ ਕਰਨੀਆਂ' ਹੈ**। ਨਾ ਕਿ ਇਨ੍ਹਾਂ ਇਨਾਮਾਂ ਲਈ ਯੋਗ ਵਿਅਕਤੀਆਂ ਦੀ ਚੋਣ ਕਰਨਾ।

4. ਰਾਜ ਸਲਾਹਕਾਰ ਬੋਰਡ ਦੇ **ਗਠਨ ਦੀ 'ਪਰਕ੍ਰਿਆ ਅਤੇ ਮੈਂਬਰਾਂ ਦੀ ਗਿਣਤੀ'** ਨਿਯਮ 2 ਵਿਚ ਦਰਜ ਹੈ।

5. ਅੱਜ ਤੱਕ ਇਹ ਨਿਯਮ ਇੰਨ ਬਿੰਨ ਲਾਗੂ ਹਨ। ਨਿਯਮ ਵਿਚ ਕੋਈ ਸੋਧ ਨਹੀਂ ਕੀਤੀ ਗਈ।

6. ਬੜੇ ਖੇਦ ਨਾਲ ਆਪ ਜੀ ਦੇ ਧਿਆਨ ਵਿਚ ਲਿਆਂਦਾ ਜਾ ਰਿਹਾ ਹੈ ਕਿ ਸਾਲ 2002 ਤੋਂ ਲੈ ਕੇ ਸਾਲ 2022 ਤੱਕ, ਪੰਜਾਬ ਵਿਚ ਬਣੀ **ਕਿਸੇ ਵੀ ਸਰਕਾਰ ਨੇ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕੀਤੀ**। ਉਲਟਾ ਹੇਠ ਲਿਖੀਆਂ ਉਲੰਘਨਾਵਾਂ ਹੀ ਕੀਤੀਆਂ।

(ੳ) ਕਦੇ ਵੀ ਰਾਜ ਸਲਾਹਕਾਰ **ਬੋਰਡ ਦੇ ਮੈਂਬਰ, ਨਿਯਮ 3 ਅਨੁਸਾਰ ਨਾਮਜਦ ਨਹੀਂ ਕੀਤੇ ਗਏ**।ਕਈ ਕਈ ਸਾਲਾਂ ਦੇ ਵਕਫੇ ਬਾਅਦ ਬੋਰਡ ਗਠਿਤ ਹੁੰਦੇ ਰਹੇ। ਬੋਰਡ ਦੀ ਮਿਆਦ ਤਿੰਨ ਸਾਲ ਨਿਸ਼ਚਿਤ ਹੁੰਦੀ ਰਹੀ।

(ਅ) **ਬਹੁਤੇ ਮੈਂਬਰ ਹਰ ਬੋਰਡ ਵਿਚ ਨਾਮਜਦ ਹੁੰਦੇ ਰਹੇ।** 6 ਸਾਲ ਬਾਅਦ ਤਿੰਨ ਸਾਲ ਦਾ ਵਕਫਾ ਰੱਖਣ ਦੀ ਸ਼ਰਤ ਲਾਗੂ ਕਦੇ ਵੀ ਲਾਗੂ ਨਹੀਂ ਹੋਈ।

(ੲ) ਬੋਰਡ ਦਾ **ਇਕੋ ਇਕ ਉਦੇਸ਼ ਪੁਰਸਕਾਰਾਂ ਲਈ ਯੋਗ ਵਿਅਕਤੀਆਂ ਦੀ ਚੋਣ ਮਿਥਿਆ ਜਾਂਦਾ ਰਿਹਾ,** ਜਦੋਂ ਕਿ ਇਹ ਬੋਰਡ ਦੇ ਅਧਿਕਾਰ ਖੇਤਰ ਵਿਚ ਨਹੀਂ ਸੀ।

(ਹ) ਬੋਰਡ ਦੀਆਂ **ਮੀਟਿੰਗਾਂ ਕਦੇ ਵੀ ਨਿਯਮ 6 ਅਨੁਸਾਰ ਨਹੀਂ ਹੋਈਆਂ।**

7. **ਪਿਛਲੀ (ਕਾਂਗਰਸ) ਸਰਕਾਰ ਵੱਲੋਂ ਕਈ ਸਾਲਾਂ ਦੇ ਵਖਵੇ ਬਾਅਦ**, ਮਿਤੀ 02.06.2020 ਨੂੰ **ਨਵਾਂ ਬੋਰਡ ਗਠਿਤ ਕੀਤਾ ਗਿਆ।** ਬੋਰਡ ਦੀ ਮਿਆਦ 3 ਸਾਲ ਮਿਥੀ ਗਈ। ਸਾਲ 2002 ਦੇ ਨਿਯਮਾਂ ਦੀ ਉਲੰਘਣਾਂ ਕਰ ਕੇ ਬੋਰਡ ਦਾ ਇਕੋ ਇਕ ਕੰਮ ਸ਼੍ਰੋਮਣੀ ਪੁਰਸਕਾਰਾਂ ਦੀ ਚੋਣ ਮਿਥਿਆ ਗਿਆ, ਜਦੋਂ ਕਿ ਬੋਰਡ ਦਾ ਇਹ ਕੰਮ ਨਹੀਂ ਸੀ। **ਤਿੰਨ ਸਾਲਾਂ ਵਿਚ ਬੋਰਡ ਦੀ ਕੇਵਲ ਇਕ ਮੀਟਿੰਗ ਹੋਈ ਅਤੇ ਉਹ ਵੀ ਕੇਵਲ ਪੁਰਸਕਾਰਾਂ ਦੀ ਚੋਣ ਲਈ।** ਇਹ ਚੋਣ ਲੁਧਿਆਣਾ ਦੀ ਇਕ ਦੀਵਾਨੀ ਅਦਾਲਤ ਦੇ ਵਿਚਾਰ ਅਧੀਨ ਹੈ।

8. ਇਸ ਰਾਜ ਸਲਾਹਕਾਰ ਬੋਰਡ ਦੀ **ਮਿਆਦ 2-6-2023 ਨੂੰ ਪੁੱਗ ਗਈ ਹੈ।**

ਬੇਨਤੀ-

ਪੰਜਾਬੀ ਵਿਕਾਸ ਮੰਚ (ਕਾਨੂੰਨੀ) ਵੱਲੋਂ ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ,

1. **ਅੱਗੋਂ ਤੋਂ ਜਦੋਂ ਵੀ ਰਾਜ ਸਲਾਹਕਾਰ ਬੋਰਡ ਦਾ ਗਠਨ ਕਰਨਾ ਹੋਵੇ ਉਹ 2002 ਦੇ ਨਿਯਮਾਂ ਅਨੁਸਾਰ ਹੀ ਕੀਤਾ ਜਾਵੇ।**
2. **ਰਾਜ ਸਲਾਹਕਾਰ ਬੋਰਡ ਸਾਲ 2002 ਦੇ ਨਿਯਮਾਂ ਅਨੁਸਾਰ ਸਥਾਈ ਬਣਾਇਆ ਜਾਵੇ।**
3. **ਰਾਜ ਸਲਾਹਕਾਰ ਬੋਰਡ ਸਾਲ 202 ਦੇ ਨਿਯਮ 1 ਵਿਚ ਮਿਥੇ ਉਦੇਸ਼ਾਂ ਦੀ ਪ੍ਰਾਪਤੀ ਲਈ ਹੀ ਕੰਮ ਕਰੇ। ਬੋਰਡ ਨੂੰ ਪੁਰਸਕਾਰਾਂ ਦੀ ਜ਼ਿੰਮੇਵਾਰੀ ਨਾ ਸੌਂਪੀ ਜਾਵੇ।**
4. **ਬੋਰਡ ਦੇ ਮੈਂਬਰ ਨੌਜਵਾਨ, ਨਿਰਪੱਖ ਅਤੇ ਇਮਾਨਦਾਰ ਸ਼ਵੀ ਵਾਲੇ ਹੋਣ।**

ਉਸਾਰੂ ਹੁੰਗਾਰੇ ਦੀ ਉਡੀਕ ਵਿਚ

ਪ੍ਰਾਰਥੀ

ਮਿੱਤਰ ਸੈਨ ਮੀਤ
(ਮਿੱਤਰ ਸੈਨ ਮੀਤ)

(ਦਵਿੰਦਰ ਸਿੰਘ ਸੇਖਾ)

(ਮਹਿੰਦਰ ਸਿੰਘ ਸੇਖੋਂ)

ਉਪਰੋਕਤ ਦਾ ਉਤਾਰਾ ਹੇਠ ਲਿਖੀਆਂ ਸਖਸ਼ੀਅਤਾਂ ਨੂੰ ਸੂਚਨਾ/ਯੋਗ ਕਾਰਵਾਈ ਹਿਤ ਭੇਜਿਆ ਜਾਂਦਾ ਹੈ:

1. ਮਾਣਯੋਗ ਮੁੱਖ ਮੰਤਰੀ, ਪੰਜਾਬ। cmo@punjab.gov.in
2. ਮਾਣਯੋਗ ਮੰਤਰੀ, ਉਚੇਰੀ ਸਿੱਖਿਆ ਅਤੇ ਭਾਸ਼ਾ ਵਿਭਾਗ, ਪੰਜਾਬ, ਚੰਡੀਗੜ੍ਹ।
3. ਡਾਇਰੈਕਟਰ, ਭਾਸ਼ਾ ਵਿਭਾਗ, ਪੰਜਾਬ, ਪਟਿਆਲਾ। dir.lang@punjab.gov.in